ਪਾਠ-15

## ਤਿੰਨ ਇਨਕਲਾਬੀ ਸ਼ਹੀਦ-ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ (ਲੇਖਕ- ਸ੍ਰੀ ਲਖਵਿੰਦਰ ਸਿੰਘ ਰੱਈਆ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਜਨਮ ਕਦੋਂ ਤੇ ਕਿੱਥੇ ਹੋਇਆ? ਇਹਨਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?**

ਉੱਤਰ : ਸ: ਭਗਤ ਸਿੰਘ ਦਾ ਜਨਮ ਪਿਤਾ ਸ: ਕਿਸ਼ਨ ਸਿੰਘ ਤੇ ਮਾਤਾ ਵਿੱਦਿਆਵਤੀ ਦੇ ਘਰ 1907 ਵਿਚ ਲਾਇਲਪੁਰ ਵਿਖੇ ਹੋਇਆ। ਸੁਖਦੇਵ ਦਾ ਜਨਮ ਪਿਤਾ ਲਾਲਾ ਰਾਮ ਤੇ ਮਾਤਾ ਰਲੀ ਦੇਵੀ ਦੇ ਘਰ 1907 ਵਿਚ ਲੁਧਿਆਣਾ ਵਿਖੇ ਹੋਇਆ। ਰਾਜਗੁਰੂ ਦਾ ਜਨਮ ਪਿਤਾ ਨਰੈਣ ਹਰੀ ਤੇ ਮਾਤਾ ਪਰਬਤੀ ਬਾਈ ਦੇ ਘਰ 1908 ਵਿਚ ਪੂਨਾ ਵਿਖੇ ਹੋਇਆ।

**ਪ੍ਰਸੁਨ ਅ. ਭਗਤ ਸਿੰਘ ਤੇ ਸੁਖਦੇਵ ਬਚਪਨ ਵਿਚ ਹੀ ਕਿਵੇਂ ਦੋਸਤ ਬਣ ਗਏ ਸਨ?**

ਉੱਤਰ : ਭਗਤ ਸਿੰਘ ਦੇ ਦਾਦਾ ਸ: ਅਰਜਨ ਸਿੰਘ ਅਤੇ ਸੁਖਦੇਵ ਦੇ ਤਾਏ ਚਿੰਤ ਰਾਮ ਦੀ ਪੁਰਾਣੀ ਸਾਂਝ ਸਦਕਾਂ ਭਗਤ ਤੇ ਸੁਖਦੇਵ ਦੀ ਬਚਪਨ ਵਿਚ ਦੋਸਤੀ ਹੋ ਗਈ ।




**ਪ੍ਰਸੁਨ ੲ. ਤਿੰਨਾਂ ਇਨਕਲਾਬੀ ਸੁਹੀਦਾਂ ਨੇ ਪਹਿਲਾਂ ਕਿਸ ਅੰਗਰੇਜ਼ ਅਫ਼ਸਰ ਨੂੰ, ਕਿਉਂ ਮਾਰਿਆ ਸੀ ?**

ਉੱਤਰ : ਤਿੰਨਾਂ ਇਨਕਲਾਬੀ ਸੁਹੀਦਾਂ ਨੇ ਪਹਿਲਾਂ ਅੰਗਰੇਜ਼ ਅਫਸਰ ਸਾਂਡਰਸ ਨੂੰ ਮਾਰਿਆ, ਕਿਉਂਕਿ ਉਹ ਲਾਲਾ ਲਾਜਪਤ ਰਾਏ ਉੱਤੇ ਲਾਠੀਚਾਰਜ ਕਰਾਉਣ ਦਾ ਦੋਸ਼ੀ ਸੀ।

**ਪ੍ਰਸੁਨ ਸ. ਤਿੰਨਾਂ ਇਨਕਲਾਬੀਆਂ ਨੇ ਅਜ਼ਾਦੀ ਦੀ ਲੜਾਈ ਲੜਨ ਲਈ ਕਿਹੜੀ ਸੰਸਥਾ ਬਣਾਈ ਸੀ?**

ਉੱਤਰ : ਹਿੰਦੁਸਤਾਨ ਸੋਸੁਲਿਸਟ ਰਿਪਬਲਿਕ ਆਰਮੀ।

**ਪ੍ਰਸੁਨ ਹ. ਇਹ ਇਨਕਲਾਬੀ ਯੋਧੇ ਆਪਣੇ ਆਪ ਨੂੰ ਕਿਹੜੇ ਕੈਦੀ ਦੱਸਦੇ ਸਨ? ਉਨ੍ਹਾਂ ਨੇ ਮੌਕੇ ਦੇ ਗਵਰਨਰ ਨੂੰ ਕੀ ਲਿਖਿਆ ਸੀ?**

ਉੱਤਰ : ਇਹ ਇਨਕਲਾਬੀ ਯੋਧੇ ਆਪਣੇ ਆਪ ਨੂੰ ਜੰਗੀ ਕੈਦੀ ਦੱਸਦੇ ਸਨ। ਉਨ੍ਹਾਂ ਮੌਕੇ ਦੇ ਗਵਰਨਰ ਨੂੰ ਲਿਖਿਆ ਕਿ ਉਹ ਉਨ੍ਹਾਂ ਨੂੰ ਜੰਗੀ ਕੈਦੀ ਮੰਨ ਕੇ ਫਾਂਸੀ ਨਾ ਦੇਣ, ਸਗੋਂ ਗੋਲੀਆਂ ਨਾਲ ਉਡਾ ਦਿੱਤਾ ਜਾਵੇ।



**ਪ੍ਰਸੁਨ ਕ. ਅੰਗਰੇਜ਼ ਹਕੂਮਤ ਨੇ ਤਿੰਨਾਂ ਦੇਸੁ-ਭਗਤਾਂ ਨੂੰ ਕਦੋਂ ਫਾਂਸੀ ਦਿੱਤੀ ਸੀ?**

ਉੱਤਰ : ਅੰਗਰੇਜ਼ ਹਕੂਮਤ ਨੇ ਤਿੰਨਾਂ ਦੇਸੁ-ਭਗਤਾਂ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ 23 ਮਾਰਚ, 1931 ਨੂੰ ਫਾਂਸੀ ਦਿੱਤੀ ਸੀ।

**ਪ੍ਰਸੁਨ ਖ. ਭਗਤ ਸਿੰਘ ਨੇ ਫਾਂਸੀ ਤੋਂ ਕੁੱਝ ਦਿਨ ਪਹਿਲਾਂ ਕੀ ਵਿਚਾਰ ਪ੍ਰਗਟ ਕੀਤੇ ਸਨ?**

ਉੱਤਰ : ਭਗਤ ਸਿੰਘ ਨੇ ਕਿਹਾ ਸੀ, "ਜਦੋਂ ਹਿੰਦੁਸਤਾਨੀ ਲੁੱਟ-ਖਸੁੱਟ, ਬੇਇਨਸਾਫ਼ੀ, ਜਾਤ-ਪਾਤ, ਨਾ-ਬਰਾਬਰੀ, ਅੰਧ ਵਿਸੁਵਾਸ ਤੇ ਹੋਰ ਸਮਾਜਿਕ ਬੁਰਾਈਆਂ ਤੋਂ ਮੁਕਤ ਹੋ ਕੇ ਅਜ਼ਾਦੀ ਦਾ ਅਨੰਦ ਮਾਣਨ ਲੱਗ ਪੈਣਗੇ, ਤਾਂ ਅਸੀਂ ਸਮਝਾਂਗੇ ਕਿ ਸਾਡੀ ਜ਼ਿੰਦਗੀ ਦਾ ਮੁੱਲ ਪੈ ਗਿਆ ਤੇ ਸਾਡੇ ਸੁਪਨੇ ਸਾਕਾਰ ਹੋ ਗਏ ਹਨ।

### 2. ਹੇਠ ਲਿਖੇ ਸੁਬਦਾਂ ਨੂੰ ਵਾਕਾਂ ਵਿਚ ਵਰਤੋ :

1. **ਸੁਹੀਦ (ਜਾਨ ਦੀ ਕੁਰਬਾਨੀ ਕਰਨ ਵਾਲਾ)**- ਸਾਨੂੰ ਸ਼ਹੀਦਾਂ ਉੱਤੇ ਮਾਣ ਹੈ।
2. **ਹਾਣੀ (ਬਰਾਬਰ ਦੀ ਉਮਰ ਦਾ ਸਾਥੀ)**- ਭਗਤ ਸਿੰਘ ਤੇ ਸੁਖਦੇਵ ਹਾਣੀ ਸਨ।
3. **ਸਾਂਝ (ਹਿੱਸੇਦਾਰੀ)**- ਰਾਮ ਤੇ ਸ਼ਾਮ ਨੇ ਸਾਂਝ ਵਿਚ ਦੁਕਾਨ ਪਾਈ।
4. **ਫਾਂਸੀ (ਫਾਹਾ)**- ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ।
5. **ਕੁਰਬਾਨੀ (ਜਾਨ ਵਾਰਨੀ)**- ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ਼ ਅੰਤ ਦੇਸ ਅਜ਼ਾਦ ਹੋ ਗਿਆ।
6. **ਲਾਠੀਚਾਰਜ (ਲਾਠੀਆਂ ਮਾਰਨੀਆਂ)**- ਲਾਠੀਚਾਰਜ਼ ਦੌਰਾਨ ਲਾਲਾ ਜੀ ਸ਼ਹੀਦ ਹੋ ਗਏ।
7. **ਸੂਰਬੀਰ (ਬਹਾਦਰ )**- ਭਾਰਤ ਦਾ ਇਤਿਹਾਸ ਸੂਰਬੀਰਾਂ ਨਾਲ਼ ਭਰਿਆ ਪਿਆ ਹੈ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

8. **ਅਕਸਰ (ਆਮ ਕਰਕੇ)–** ਭਗਤ ਸਿੰਘ ਛੋਟੇ ਹੁੰਦਿਆਂ ਅਕਸਰ ਸੁਖਦੇਵ ਨੂੰ ਮਿਲਦਾ ਸੀ।

## 3. ਔਖੇ ਸ਼ਬਦਾਂ ਦੇ ਅਰਥ:



| | | |
|---|---|---|
| ਹਕੂਮਤ | : | ਰਾਜ, ਸ਼ਾਸਨ, ਸਲਤਨਤ |
| ਜ਼ੁਲਮ | : | ਅੱਤਿਆਚਾਰ |
| ਇਨਕਲਾਬ | : | ਕ੍ਰਾਂਤੀ |
| ਜਾਗਰੂਕ | : | ਜਾਗਣਾ, ਚੇਤੰਨ |
| ਮਨੋਰਥ | : | ਮੰਤਵ, ਇਰਾਦਾ, ਇੱਛਾ |
| ਮਕਸਦ | : | ਉਦੇਸ਼, ਮੰਤਵ |
| ਮਨਸੂਬਾ | : | ਇਰਾਦਾ, ਸਕੀਮ |

## 4. ਮੁਹਾਵਰਿਆਂ ਦੇ ਅਰਥ :

| | | |
|---|---|---|
| ਸਾਇਆ ਸਿਰ ਤੋਂ ਉੱਠਣਾ | : | ਮਾਤਾ ਜਾਂ ਪਿਤਾ ਜਾਂ ਦੋਹਾਂ ਦੀ ਬਚਪਨ ਵਿਚ ਮੌਤ ਹੋ ਜਾਣੀ |
| ਪਾਲਣ-ਪੋਸਣ ਕਰਨਾ | : | ਦੇਖ-ਭਾਲ਼ ਕਰਨਾ |
| ਫਾਂਸੀ ਦਾ ਰੱਸਾ ਚੁੰਮਣਾ | : | ਖ਼ੁਸ਼ੀ-ਖ਼ੁਸ਼ੀ ਸ਼ਹੀਦ ਹੋਣਾ |
| ਹਾਹਾਕਾਰ ਮੱਚ ਜਾਣਾ | : | ਹਰ ਪਾਸੇ ਚੀਕ-ਪੁਕਾਰ ਹੋਣਾ |
| ਸੁਪਨੇ ਸਾਕਾਰ ਹੋਣਾ | : | ਇੱਛਾ ਪੂਰੀ ਹੋਣਾ |
| ਸਿਰ ਝੁਕਾਉਣਾ | : | ਸਤਿਕਾਰ ਕਰਨਾ |

## 5. ਸਮਝੋ ਤੇ ਠੀਕ ਮਿਲ਼ਾਨ ਕਰੋ :

| | |
|---|---|
| ੳ. ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ | ਲਹਿਰ |
| ਅ. ਸਕਾਟ ਤੇ ਸਾਂਡਰਸ | ਜਲੂਸ |
| ੲ. ਪਗੜੀ ਸੰਭਾਲ਼ | ਕੌਮ ਦੇ ਸ਼ਹੀਦ |
| ਸ. ਸਾਈਮਨ ਕਮਿਸ਼ਨ-ਗੋ ਬੈਕ | ਅੰਗਰੇਜ਼ ਅਫ਼ਸਰ |
| ਸ. ਫਾਂਸੀ ਦਾ ਰੱਸਾ ਚੁੰਮਣਾ | ਨਾਹਰਾ |
| ਹ. 'ਇਨਕਲਾਬ-ਜ਼ਿੰਦਾਬਾਦ' | ਹੱਸ ਕੇ ਮੌਤ ਕਬੂਲਣੀ |

## ਵਿਆਕਰਨ

ਦੋ ਜਾਂ ਦੋ ਤੋਂ ਵੱਧ ਮੂਲ ਸ਼ਬਦਾਂ ਨੂੰ ਜੋੜ ਕੇ ਜੋ ਸ਼ਬਦ ਬਣਦੇ ਹਨ, ਉਹ ਸਮਾਸੀ ਸ਼ਬਦ ਕਹਾਉਂਦੇ ਹਨ, ਜਿਵੇਂ : ਪਾਲਣ-ਪੋਸਣ, ਵਿਚਾਰ-ਵਟਾਂਦਰਾ, ਲੁੱਟ-ਖਸੁੱਟ, ਜੰਗੀ-ਕੈਦੀ।


**ਤਿਆਰ ਕਰਤਾ**

**ਗੁਰਪ੍ਰੀਤ ਸਿੰਘ ਰੂਪਰਾ, 9855800683**

**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**